15ਵੀਂ ਵਿਧਾਨ ਸਭਾ
ਪੰਜਵਾਂ ਸਮਾਗਮ

ਪੰਜਾਬ ਵਿਧਾਨ ਸਭਾ
ਬੁਲੇਟਿਨ ਨੰ: 1

ਸ਼ੁੱਕਰਵਾਰ, 24 ਅਗਸਤ, 2018
(2.00 ਵਜੇ ਬਾਅਦ ਦੁਪਹਿਰ ਤੋਂ 02.15 ਵਜੇ ਬਾਅਦ ਦੁਪਹਿਰ ਤੱਕ)

1. ਅਕਾਲ ਚਲਾਣਿਆਂ ਦਾ ਵਰਣਨ:

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਸ਼੍ਰੀ ਅਟਲ ਬਿਹਾਰੀ ਵਾਜਪਾਈ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ;
2. ਸ਼੍ਰੀ ਸੋਮਨਾਥ ਚੈਟਰਜੀ, ਸਾਬਕਾ ਸਪੀਕਰ, ਲੋਕ ਸਭਾ;
3. ਸ਼੍ਰੀ ਬਲਰਾਮਜੀ ਦਾਸ ਟੰਡਨ, ਰਾਜਪਾਲ ਛੱਤੀਸਗੜ੍ਹ ਅਤੇ ਸਾਬਕਾ ਮੰਤਰੀ;
4. ਸ਼੍ਰੀ ਸੁਰਿੰਦਰ ਸਿੰਗਲਾ, ਸਾਬਕਾ ਮੰਤਰੀ;
5. ਸ਼੍ਰੀ ਜੋਗਿੰਦਰ ਨਾਥ, ਸਾਬਕਾ ਐਮ.ਐਲ.ਏ;
6. ਸਰਦਾਰ ਕੁਲਦੀਪ ਸਿੰਘ ਵਡਾਲਾ, ਸਾਬਕਾ ਐਮ.ਐਲ.ਏ;
7. ਸ਼੍ਰੀ ਓਮ ਪ੍ਰਕਾਸ਼ ਸ਼ਰਮਾ, ਸੁਤੰਤਰਤਾ ਸੰਗਰਾਮੀ;
8. ਸ਼੍ਰੀ ਹਜ਼ਾਰਾ ਸਿੰਘ, ਸੁਤੰਤਰਤਾ ਸੰਗਰਾਮੀ;
9. ਸ਼੍ਰੀ ਮਹਿਲ ਸਿੰਘ, ਸੁਤੰਤਰਤਾ ਸੰਗਰਾਮੀ;
10. ਸ਼੍ਰੀ ਦਰਸ਼ਨ ਸਿੰਘ, ਸੁਤੰਤਰਤਾ ਸੰਗਰਾਮੀ;
11. ਸ਼੍ਰੀ ਮਿਲਖਾ ਸਿੰਘ, ਸੁਤੰਤਰਤਾ ਸੰਗਰਾਮੀ;
12. ਸ਼੍ਰੀ ਚਮਨ ਲਾਲ, ਸੁਤੰਤਰਤਾ ਸੰਗਰਾਮੀ;
13. ਸ਼੍ਰੀ ਬਕਸ਼ੀਸ ਸਿੰਘ, ਸੁਤੰਤਰਤਾ ਸੰਗਰਾਮੀ;
14. ਸ਼੍ਰੀ ਰਤਨ ਸਿੰਘ, ਸੁਤੰਤਰਤਾ ਸੰਗਰਾਮੀ;
15. ਸ਼੍ਰੀ ਗੁਰਬਖਸ਼ ਸਿੰਘ, ਸੁਤੰਤਰਤਾ ਸੰਗਰਾਮੀ;
16. ਸ਼੍ਰੀ ਬਚਿੱਤਰ ਸਿੰਘ, ਸੁਤੰਤਰਤਾ ਸੰਗਰਾਮੀ: ਅਤੇ
17. ਸ਼੍ਰੀ ਕੁਲਦੀਪ ਨਈਅਰ, ਸੀਨੀਅਰ ਪੱਤਰਕਾਰ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ ਦੇ ਪਿਤਾ ਸਰਦਾਰ ਕਾਕਾ ਸਿੰਘ ਜੀ; ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ ਵਲੋਂ 126 ਕਿਸਾਨਾਂ ਦੁਆਰਾ ਖੁਦਕੁਸ਼ੀਆਂ ਕਰਨ ਤੇ; ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਵਲੋਂ ਯੂ.ਐਸ.ਏ ਵਿੱਚ ਨਸਲੀ ਹਿੰਸਾ ਦਾ ਸ਼ਿਕਾਰ ਹੋਏ ਸਰਦਾਰ ਤਰਲੋਕ ਸਿੰਘ ਪੰਜਾਬੀ; ਸ਼੍ਰੀ ਅਮਨ ਅਰੋੜਾ, ਐਮ.ਐਲ.ਏ ਵਲੋਂ ਸੁਨਾਮ ਊਧਮ ਸਿੰਘ ਵਾਲਾ ਦੇ ਸਰਦਾਰ ਜੰਗੀਰ ਸਿੰਘ, ਸੁਤੰਤਰਤਾ ਸੰਗਰਾਮੀ ਅਤੇ ਸਰਦਾਰ ਬਿਕਰਮ ਸਿੰਘ ਮਜੀਠਿਆ, ਐਮ.ਐਲ.ਏ ਵਲੋਂ ਪਾਕਿਸਤਾਨ ਦੀ ਆਈ.ਐਸ.ਆਈ. ਦੁਆਰਾ ਘੁਸਪੈਠ ਕਰਨ ਕਰਕੇ ਫੌਜੀ ਵੀਰ ਤੇ ਮੇਜਰ ਸਾਹਿਬ ਦੇ ਸ਼੍ਰੀਨਗਰ ਵਿੱਚ ਸ਼ਹੀਦ ਹੋਣ ਤੇ ਪੈਰਾ ਮਿਲਟਰੀ ਫੋਰਸਿਜ਼ ਜਾਂ ਆਰਮੀ ਦੇ ਜਵਾਨਾਂ ਵਲੋਂ ਵੱਡੀ ਸ਼ਹਾਦਤ ਦੇਣ ਤੇ, ਦੇ ਨਾਂ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੋਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਸੋਮਵਾਰ ਮਿਤੀ 27 ਅਗਸਤ, 2018 ਦੇ 02.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ:
24 ਅਗਸਤ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

30/8/18
Chief Reporter
Punjab Vidhan Sabha Sectt.
Chandigarh